ਨੋਟਿਸ ਬੋਰਡ ਰਾਹੀਂ

ਦਫਤਰ, ਡਾਇਰੈਕਟਰ ਐਸ. ਸੀ. ਈ. ਆਰ. ਟੀ. ਪੰਜਾਬ, ਐਸ. ਏ. ਐਸ. ਨਗਰ।

(ਪ੍ਰੀਖਿਆ ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ

ਜਿਲਾ ਸਿੱਖਿਆ ਅਫਸਰ ( ਸੈ. ਸਿ. /ਐ. ਸਿ.)

E- 243051**File No:** SCERT-EXAM0GENL/28/2021-EXAMINATION-SCERT

ਮਿਤੀ,ਐਸ ਏ ਐਸ ਨਗਰਃ 25-03-2022

ਵਿਸ਼ਾਃ SCERT ਵੱਲੋਂ ਸਾਲ 2019 ਵਿੱਚ ਲਈ ਗਈ ਪੰਜਵੀਂ/ ਅੱਠਵੀਂ ਪ੍ਰੀਖਿਆ ਦੇ ਸਰਟੀਫਿਕੇਟਾਂ ਵਿੱਚ ਸੋਧ ਅਤੇ ਵੈਰੀਫਿਕੇਸ਼ਨ ਸਬੰਧੀ।

ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਪੰਜਵੀਂ/ ਅੱਠਵੀਂ ਪ੍ਰੀਖਿਆ ਦੇ ਸਰਟੀਫਿਕੇਟਾਂ ਵਿੱਚ ਸੋਧ ਅਤੇ ਇਹਨਾਂ ਸਰਟੀਫਿਕੇਟਾਂ ਵੈਰੀਫਿਕੇਸ਼ਨ ਕਰਨ ਲਈ ਆਪ ਵੱਲੋ ਵਿਦਿਆਰਥੀਆਂ ਦੇ ਅਸਲ ਸਰਟੀਫਿਕੇਟ ਵਿਭਾਗ ਨੂੰ ਭੇਜੇ ਜਾਂਦੇ ਹਨ, ਜਦੋ ਕਿ ਇਹਨਾਂ ਜਮਾਤਾਂ ਦੇ ਦਾਖਲੇ ਅਤੇ ਨਤੀਜੇ ਸਬੰਧੀ ਸਮੁੱਚਾ ਰਿਕਾਰਡ ਸਬੰਧਤ ਸਕੂਲਾਂ ਪਾਸ ਹੁੰਦਾ ਹੈ। ਇਸ ਲਈ ਵਿਭਾਗ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਪੰਜਵੀਂ/ ਅੱਠਵੀਂ ਪ੍ਰੀਖਿਆ ਦੇ ਸਰਟੀਫਿਕੇਟਾਂ ਵਿੱਚ ਵਿਦਿਆਰਥੀਆਂ ਦੇ ਨਾਮ/ਜਨਮ ਮਿਤੀ ਆਦਿ ਦੀ ਸੋਧ ਲੋੜੀਂਦੇ ਦਸਤਾਵੇਜਾਂ ਅਤੇ ਸਬੰਧਤ ਸਕੂਲਾਂ ਦੇ ਰਿਕਾਰਡ ਦੇ ਅਧਾਰ ਤੇ ਵੈਰੀਫਾਈ ਕਰਵਾ ਕੇ ਸਬੰਧਤ ਜਿਲਾ ਸਿੱਖਿਆ ਅਫਸਰ (ਸੈ ਸਿੱ /ਐ. ਸਿੱ.) ਵੱਲੋਂ ਆਪਣੀ ਪ੍ਰਵਾਨਗੀ/ ਹਸਤਾਖਰਾਂ ਹੇਠ ਸਰਟੀਫਿਕੇਟ ਦੀ ਦੁਪੱਤਰੀ ਕਾਪੀ ਜਾਰੀ ਕੀਤੀ ਜਾਵੇ। ਇਸੇ ਤਰਾਂ ਹੀ ਇਹਨਾਂ ਸਰਟੀਫਕੇਟਾਂ ਦੀ ਵੈਰੀਫਿਕੇਸ਼ਨ ਵੀ ਆਪਣੇ ਪੱਧਰ ਤੇ ਸਬੰਧਤ ਸਕੂਲ ਦੇ ਰਿਕਾਰਡ ਦੇ ਅਧਾਰ ਤੇ ਕਰਨ ਉਪਰੰਤ ਸਬੰਧਤ ਅਦਾਰ੍ਹੇ ਨੂੰ ਭੇਜੀ ਜਾਵੇ। ਇਸ ਸਬੰਧੀ ਆਪ ਜੀ ਦੇ ਅਧੀਨ ਆਉਂਦੇ ਸਮੂਹ ਬੀ. ਪੀ.. ਈ. ਓ./ ਸਕੂਲ ਮੁੱਖੀ /ਪ੍ਰਿੰਸੀਪਲਾਂ ਨੂੰ ਸੂਚਿਤ ਕਰਨਾਂ ਯਕੀਨੀ ਬਣਾਇਆ ਜਾਵੇ ਜੀ।

25/3/22

ਸਹਾਇਕ ਡਾਇਰੈਕਟਰ (ਪ੍ਰੀਖਿਆਵਾਂ)